# ਸ਼ਾਂਤ ਸੁਤਾ ਰਸ

## ਮੰਗਲਾਚਰਣ

ਇਹ ਸੰਸਾਰ ਜਨਮ-ਮਰਨ ਰੂਪੀ ਇੱਕ ਭਿਅੰਕਰ ਜੰਗਲ ਦੀ ਤਰ੍ਹਾਂ ਹੈ। ਇਸ ਵਿੱਚ ਪੰਜ ਆਸ਼ਰਵਾਂ ਦੇ ਬੱਦਲ ਲਗਾਤਾਰ ਬਰਸ ਰਹੇ ਹਨ। ਇਸ ਜੰਗਲ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਕਰਮ ਵੇਲਾਂ ਹਨ। ਮੋਹ ਦਾ ਡੂੰਘਾ ਹਨ੍ਹੇਰਾ ਇਸ ਜਨਮ ਮਰਨ ਰੂਪੀ ਜੰਗਲ ਵਿੱਚ ਫੈਲਿਆ ਹੋਇਆ ਹੈ। ਅਜਿਹੇ ਜਨਮ-ਮਰਨ ਰੂਪੀ ਜੰਗਲ ਵਿੱਚ ਭਟਕਦੇ ਹੋਏ ਜੀਵਾਂ ਦੇ ਭਲੇ ਲਈ ਮਹਾਨ ਕਰੁਣਾ ਦੇ ਰਸ-ਸਾਗਰ, ਤੀਰਥੰਕਰ ਪ੍ਰਮਾਤਮਾ ਰਾਹੀ ਉਪਦੇਸ਼ ਰੂਪੀ ਅੰਮ੍ਰਿਤਮਈ ਮਿੱਠੀ ਬਾਣੀ ਤੁਹਾਡੀ ਰੱਖਿਆ ਕਰੇ। – (1)

ਠੀਕ ਹੈ ......... ਤੁਸੀ ਵਿਦਵਾਨ ਹੋ, ਸ਼ਾਸਤਰਾਂ ਦੇ ਜਾਣਕਾਰ ਹੋ, ਪਰ ਜੇ ਤੁਸੀ ਸ਼ੁਭ ਭਾਵਨਾ ਤੋਂ ਰਹਿਤ ਹੋ ਤਾਂ ਤੁਹਾਡੇ ਮਨ ਵਿੱਚ ਸ਼ਾਂਤ-ਸੁਧਾ (ਅੰਮ੍ਰਿਤ) ਦਾ ਸਵਾਦ ਚੱਖਣਾ ਮੁਸ਼ਕਿਲ ਹੋਵੇਗਾ। ਇਸ ਸ਼ਾਂਤ-ਸੁਧਾ ਰਸ ਤੋਂ ਬਿਨਾਂ ਮੋਹ-ਜੰਜਾਲ ਤੋਂ ਦੁਖੀ ਸੰਸਾਰ ਵਿੱਚ ਕਿਤੇ ਵੀ ਸੁੱਖ ਨਹੀ ਹੈ। – (2)

ਇਸ ਲਈ ਜੋ ਸਮਝਦਾਰ ਮਨੁੱਖਾਂ, ਜੋ ਤੁਹਾਡਾ ਚਿੱਤ ਜਨਮ-ਮਰਨ ਦੀ ਥਕਾਨ ਤੋਂ ਘਬਰਾਇਆ ਹੋਇਆ ਹੈ, ਅਤੇ ਅਨੰਤ ਸੁੱਖ ਵਾਲੇ ਮੋਕਸ਼ ਨੂੰ ਪ੍ਰਾਪਤ ਕਰਨ ਦੇ ਲਈ ਤਿਆਰ ਹੋਇਆ ਹੈ, ਜੋ ਸ਼ੁਭ ਭਾਵਨਾ ਦੇ ਸੁਧਾ-ਰਸ ਦੇ ਝਲਕਦੇ ਹੋਏ ਇਸ **ਸ਼ਾਂਤ-ਸੁਧਾ ਰਸ** ਗ੍ਰੰਥ ਨੂੰ ਇੱਕ ਚਿੱਤ ਹੋ ਕੇ ਸੁਣੋ। – (3)

ਹੇ, ਪਵਿੱਤਰ ਮਨ ਵਾਲੇ ਵਿਦਵਾਨ – ਸੁਣਨ ਨਾਲ ਹੀ ਅੰਤਕਰਨ ਨੂੰ ਪਵਿੱਤਰ ਕਰਨ ਵਾਲੀਆਂ ਇਨ੍ਹਾਂ 12 ਅਤੇ 4 ਕੁੱਲ 16 ਭਾਵਨਾ ਨੂੰ ਤੁਸੀ ਚਿੱਤ ਵਿੱਚ ਧਾਰਨ ਕਰੋ। ਦੱਬੀ ਹੋਈ ਸਮਤਾ ਦੀ ਵੇਲ ਫਿਰ ਫੁੱਟੇਗੀ ਤੇ ਮੋਹ ਦਾ ਪਰਦਾ ਦੂਰ ਹੋਵੇਗਾ। – (4)

ਆਰਤ ਧਿਆਨ ਅਤੇ ਰੌਦਰ ਧਿਆਨ (ਅਸ਼ੁੱਭ ਧਿਆਨ) ਦੇ ਭਿਅੰਕਰ ਵਿਚਾਰ ਅੱਗ ਦੀ ਤਰ੍ਹਾਂ ਹਨ। ਅੰਤਾਕਰਨ ਵਿੱਚ ਵਿਵੇਕ ਦੀ ਸ਼ੋਭਾ ਸੜ ਗਈ। ਫਿਰ ਉੱਥੇ ਸਮਤਾ ਦਾ ਬੀਜ ਕਿਵੇਂ ਫੁੱਟੇਗਾ ? - (5)

ਸੱਮਿਅਕ ਗਿਆਨ ਦੇ ਅਭਿਆਸ ਤੋਂ ਉੱਨਤ ਬਣੇ ਹੋਏ ਅਤੇ ਵਿਵੇਕ ਰੂਪੀ ਅੰਮ੍ਰਿਤ ਵਰਖਾ ਤੋਂ ਸਿੰਜੇ ਬਣੇ ਹੋਏ ਅੰਤਾਕਰਨ ਵਿੱਚ ਹੀ ਇਹ ਸੁੰਦਰ ਭਾਵਨਾਵਾਂ ਰਹਿੰਦੀਆਂ ਹਨ। ਇਹ ਭਾਵਨਾਵਾਂ ਅਲੌਕਿਕ ਪ੍ਰਸ਼ਮ (ਕੇਵਲ ਗਿਆਨ) ਦਾ ਸੁੱਖ ਦੇਣ ਵਾਲੀ ਕਲਪ-ਬਿਰਖ ਦੀਆਂ ਬੇਲਾਂ ਨੂੰ ਜਨਮ ਦਿੰਦੀ ਹੈ। - (6)

ਇਸ **ਸ਼ਾਂਤ-ਸੁਧਾ ਰਸ** ਗ੍ਰੰਥ ਵਿੱਚ ਅਨਿੱਤਿਆ ਭਾਵਨਾ, ਅਸ਼ਰਣ ਭਾਵਨਾ, ਸੰਸਾਰ ਭਾਵਨਾ, ਇਕੱਤਵ ਭਾਵਨਾ, ਅਨੇਕਯਤਵ ਭਾਵਨਾ, ਅਸ਼ੁਚੀ ਭਾਵਨਾ, ਆਸ਼ਰਵ ਭਾਵਨਾ, ਸੰਬਰ ਭਾਵਨਾ, ਕਰਮ ਨਿਰਜਲਰ ਭਾਵਨਾ, ਧਰਮ ਸੁਕ੍ਰਿਤ ਭਾਵਨਾ, ਬੋਧੀ ਦੁਰਲਭ ਭਾਵਨਾ ਅਤੇ ਇਸ ਤੋਂ ਬਾਅਦ ਮੈਤਰੀ, ਪ੍ਰਮੋਦ, ਕਰੁਣਾ ਅਤੇ ਮੱਧਿਅਸਥ ਭਾਵਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਨਮ ਮਰਨ ਤੋਂ ਮੁਕਤ ਹੋਣ ਦੇ ਲਈ ਹਰ ਰੋਜ ਇਨ੍ਹਾਂ ਭਾਵਨਾਵਾਂ ਨੂੰ ਆਪਣੇ ਅੰਦਰ ਸਮਾਉਂਦੇ ਰਹੋ। - (7-8)

1

# ਅਨਿੱਤਯ ਭਾਵਨਾ (ਸ਼ਲੋਕ)

ਉਪਾਧਿਆਇ ਸ੍ਰੀ ਵਿਨੈ ਵਿਜੈ ਜੀ ਆਪਣੇ ਆਪ ਨੂੰ ਸੰਬੋਧਿਤ ਕਰਦੇ ਹੋਏ ਆਖਦੇ ਹਨ ਕਿ 'ਹੇ ਆਤਮਾ - ਇਹ ਤੇਰਾ ਸਰੀਰ ਅੱਜ ਭਲਾਂ ਹੀ ਸੁੰਦਰ ਹੈ, ਮਸਤ ਹੈ, ਪਰ ਧਿਆਨ ਰੱਖ ਇਹ ਸਭ ਕੁਝ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਕੁਝ ਸਮੇਂ ਦਾ ਮਹਿਮਾਨ ਹੈ। ਇੱਕ ਨਾ ਇੱਕ ਦਿਨ ਨਸ਼ਟ ਹੋਣ ਵਾਲਾ ਹੈ। ਅਨਿੱਤ ਹੈ ਅਤੀ ਚੰਚਲ ਜਵਾਨੀ ਵਿੱਚ ਮਸਤ ਇਹ ਸਰੀਰ ਵਿਦਵਾਨਾਂ ਦੇ ਲਈ ਅਨਕੂਲ (ਜੋਗ) ਕਿਵੇਂ ਹੋਵੇਗਾ ? ਨਹੀਂ ਹੋ ਸਕਦਾ। - (1)

ਤੂਫ਼ਾਨੀ ਹਵਾ ਦੇ ਥਪੇੜਿਆਂ ਤੋਂ ਚੰਚਲ ਹੋ ਉੱਠਣ ਵਾਲੀਆਂ ਜਲ-ਤਰੰਗਾਂ ਦੀ ਤਰ੍ਹਾਂ ਚੰਚਲ ਸਾਡੀ ਉਮਰ ਹੈ। ਰਿੱਧੀ-ਸਿੱਧੀ ਅਤੇ ਸੰਪਤੀ ਇਹ ਸਭ ਵਿਪਤਾ ਨਾਲ ਘਿਰੇ ਹੋਏ ਬੱਦਲ ਹਨ। ਸ਼ਾਮ ਦੇ ਥੋੜ੍ਹੇ ਰੰਗਾਂ ਵਾਂਗ ਜਿਵੇਂ ਪੰਜ ਇੰਦਰੀਆਂ ਦੇ ਸੁੱਖ ਹਨ, ਦੋਸਤ, ਔਰਤ, ਰਿਸ਼ਤੇਦਾਰ ਵਗੈਰਾ ਦੇ ਮਿਲਣ ਦਾ ਸੁੱਖ ਸੁਪਨੇ ਵਾਂਗ ਹੈ। ਤੁਸੀਂ ਦੱਸੋ, ਇਸ ਸੰਸਾਰ ਵਿੱਚ ਅਜਿਹੀ ਕਿਹੜੀ ਚੀਜ਼ ਹੈ ਜੋ ਸੱਜਣਾਂ ਦੇ ਮਨ ਨੂੰ ਖੁਸ਼ੀ ਪ੍ਰਦਾਨ ਕਰੇ ? ਸਮਝਦਾਰ ਮਨੁੱਖਾਂ ਨੂੰ ਖੁਸ਼ੀ ਪ੍ਰਦਾਨ ਕਰੇ ? - (2)

ਮੇਰੇ ਭਰਾ, ਜੋ ਪਦਾਰਥ ਸਵੇਰ ਸਮੇਂ ਚਿੱਤ ਨੂੰ ਸੁੰਦਰ, ਸੁਸ਼ੋਭਿਤ ਅਤੇ ਚਿੱਤ ਨੂੰ ਖੁਸ਼ੀ ਪ੍ਰਦਾਨ ਕਰਨ ਵਾਲੇ ਦਿਖਾਈ ਦਿੰਦੇ ਹਨ, ਅਤੇ ਪਿਆਰੇ ਲੱਗਦੇ ਹਨ, ਉਹੀ ਪਦਾਰਥ ਵੇਖਦੇ ਵੇਖਦੇ ਸ਼ਾਮ ਤੱਕ ਰਸਹੀਣ, ਫਿੱਕੇ, ਮਨ ਨੂੰ ਨਾ ਭਾਉਂਦੇ, ਤੇਜ ਰਹਿਤ ਅਤੇ ਨਾ-ਸਹਿਣਯੋਗ ਹੋ ਜਾਂਦੇ ਹਨ। ਇਹ ਸਭ ਖੁੱਲ੍ਹੀ ਨਿਗਾਹਾਂ ਤੋਂ ਵੇਖਦੇ ਹੋਏ ਵੀ ਮੇਰਾ ਮੂਰਖ ਮਨ ਸੰਸਾਰ ਦੇ ਰੰਗ-ਰਾਗ ਨੂੰ ਛੱਡ ਨਹੀਂ ਰਿਹਾ। ਇਹ ਕਿੰਨੀ ਦੁੱਖਦਾਈ ਗੱਲ ਹੈ ! - (3)

# 1

# ਅਨਿੱਤਯ ਭਾਵਨਾ (ਗੀਤ)

ਹੇ ਮੂਰਖ ਜੀਵ – ਤੂੰ ਆਪਣੇ ਮਨ ਵਿੱਚ ਪਰਿਵਾਰ ਆਦਿ ਦੇ ਬਾਰੇ ਵਿੱਚ, ਸੰਸਾਰਿਕ ਸੁੱਖਾਂ ਦੇ ਬਾਰੇ ਵਿੱਚ ਬਾਰ-ਬਾਰ ਸੋਚ ਕੇ ਕਿਉਂ ਮੋਹ ਵਿੱਚ ਫਸਿਆ ਹੋਇਆ ਹੈ। ਤੇਰਾ ਜੀਵਨ ਘਾਹ ਦੇ ਪੱਤੇ 'ਤੇ ਪਈ ਓਸ ਦੀ ਬੂੰਦ ਵਾਂਗ ਹੈ ਅਤੇ ਖ਼ਤਮ ਹੋਣ ਵਾਲਾ ਹੈ। – (1)

ਤੂੰ ਥੋੜ੍ਹਾ ਪਰਖ ਤਾਂ ਲੈ। ਵਿਸ਼ੇ-ਵਿਕਾਰਾਂ ਦੇ ਦੁੱਖ ਦਾ ਸੰਬੰਧ ਕਿੰਨਾ ਖ਼ਤਮ ਹੋਣ ਵਾਲਾ ਅਤੇ ਥੋੜ੍ਹਾ ਹੈ ? ਅੱਖ ਝਪਕਦੇ ਹੀ ਉਹ ਚਲਾ ਜਾਂਦਾ ਹੈ। ਇਸ ਸੰਸਾਰ ਦੀ ਮਾਇਆ ਬਿਜਲੀ ਦੀ ਚਮਕ ਵਾਂਗ ਹੈ। ਹੁਣ ਵੇਖੀ ਤੇ ਹੁਣੇ ਗੁੰਮ। – (2)

ਜੀਵਨ ਕੁੱਤੇ ਦੀ ਪੂੰਛ ਵਾਂਗ ਟੇਢਾ ਹੈ ਅਤੇ ਉਹ ਗੋਲਾਂ-ਗੋਲਾਂ ਵਿੱਚ ਚਲਾ ਜਾਂਦਾ ਹੈ। ਜਵਾਨੀ ਵਿੱਚ ਵਾਸਨਾ ਦੇ ਵੱਸ ਜੀਵ-ਆਤਮਾ, ਨਸ਼ਟ ਬੁੱਧੀ ਜੀਵ-ਆਤਮਾ, ਇੰਦਰੀ ਸੁੱਖਾਂ ਦੇ ਕੌੜੇ ਕਸ਼ਟਾਂ ਨੂੰ ਕਿਉਂ ਨਹੀਂ ਸਮਝਦਾ, ਇਹੋ ਹੈਰਾਨੀ ਹੈ। – (3)

ਇਸ ਸੰਸਾਰ ਵਿੱਚ ਨਾ ਜਿੱਤਣਯੋਗ ਬੁਢਾਪੇ ਤੋਂ ਸ਼ਕਤੀਹੀਣ ਅਤੇ ਕਮਜ਼ੋਰ ਸਰੀਰ ਵਾਲੇ ਜੀਵਾਂ ਦਾ ਬੇਸ਼ਰਮ ਮਨ ਕਾਮ-ਵਿਕਾਰਾਂ ਦਾ ਤਿਆਗ ਨਹੀਂ ਕਰਦਾ। ਇਹ ਕਿੰਨੀ ਸ਼ਰਮ ਦੀ ਗੱਲ ਹੈ ? – (4)

ਹੋਰ ਤਾਂ ਹੋਰ ਅਨੁਤਰ ਦੇਵ ਲੋਕ ਦੇ ਸ੍ਰੇਸ਼ਟ ਦਿਵਯ ਸੁੱਖ ਵੀ ਸਮੇਂ ਦੇ ਨਾਲ ਖ਼ਤਮ ਹੋ ਜਾਂਦੇ ਹਨ। ਫਿਰ ਭਲਾਂ ਇਸ ਸੰਸਾਰ ਵਿੱਚ ਹੋਰ ਸਥਿਰ ਕੀ ਰਹਿ ਸਕਦਾ ਹੈ ? ਜਰਾ ਸ਼ਾਂਤੀ, ਧੀਰਜ ਨਾਲ ਇਸ ਗੱਲ 'ਤੇ ਗੌਰ ਕਰ। – (5)

ਜਿਨ੍ਹਾਂ ਦੇ ਨਾਲ ਖੇਡੇ, ਜਿਨ੍ਹਾਂ ਦੇ ਨਾਲ ਪਿਆਰ ਭਰੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆਂ, ਜਿਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ, ਉਨ੍ਹਾਂ ਨੂੰ ਰਾਖ ਹੁੰਦਾ ਵੇਖ ਕੇ ਵੀ ਅਸੀਂ ਨਿਸ਼ਚਿੰਤ ਹੋ ਕੇ ਜੀਊ ਰਹੇ ਹਾਂ। ਸਾਡੀ ਇਸ ਲਾਪਰਵਾਹੀ 'ਤੇ ਲਾਹਨਤ ਹੈ। - (6)

ਸਮੁੰਦਰ ਦੀਆਂ ਤਰੰਗਾਂ ਦੀ ਤਰ੍ਹਾਂ ਸਾਰੇ ਜਾਨਦਾਰ, ਬੇਜਾਨਦਾਰ ਪਦਾਰਥ ਪੈਦਾ ਹੁੰਦੇ ਹਨ ਅਤੇ ਨਸ਼ਟ ਹੁੰਦੇ ਰਹਿਣ। ਜਾਦੂਗਰ ਦੇ ਮਾਇਆ-ਜਾਲ ਵਾਂਗ ਰਿਸ਼ਤੇਦਾਰਾਂ ਦਾ ਸਬੰਧ ਅਤੇ ਸੰਪਤੀ ਦਾ ਸੰਜੋਗ ਮਿਲਿਆ ਹੈ। ਉਸ ਵਿਚ ਮੂਰਖ ਜੀਵ ਉਲਝ ਜਾਂਦਾ ਹੈ। - (7)

ਹੈਰਾਨੀ ਦੀ ਗੱਲ ਹੈ - ਚਲ-ਅਚੱਲ ਸੰਸਾਰ ਨੂੰ ਹਮੇਸ਼ਾ ਆਪਣਾ ਸ਼ਿਕਾਰ ਬਣਾਉਂਦਾ ਹੋਇਆ ਕਾਲ ਕਦੇ ਵੀ ਨਹੀਂ ਥੱਕਦਾ। ਮੌਤ ਦੇ ਜਿਨ੍ਹਾਂ ਤਿੱਖੇ ਪੰਜਿਆਂ ਵਿਚ ਜਕੜੇ ਹੋਏ ਜੀਵ ਦੀ ਮੁਕਤੀ ਸੰਭਵ ਨਹੀਂ ਹੈ। - (8)

ਇਸ ਲਈ ਹਰ ਪਲ ਇਕ ਅਤੇ ਚਿਦਾਨੰਦ ਆਤਮਾ ਸਰੂਪ ਨੂੰ ਪਹਿਚਾਣ ਕੇ - ਮੈਂ ਆਤਮ ਸੁੱਖ ਨੂੰ ਅਨੁਭਵ ਕਰਦਾ ਹਾਂ - ਇਹ ਨਿਸ਼ਚੇ ਕਰੋ। ਗ੍ਰੰਥਕਾਰ ਆਖਦੇ ਹਨ ਕਿ ਨਵੇਂ ਪ੍ਰਸ਼ਨ ਰੂਪੀ ਅੰਮ੍ਰਿਤ ਦਾ ਪੀਣਾ ਇਸ ਜਨਮ ਦੇ ਵਿਚ ਚੰਗੇ ਪੁਰਸ਼ਾਂ ਦੇ ਲਈ ਲਗਾਤਾਰ ਸਮਾਰੋਹ ਦੀ ਤਰ੍ਹਾਂ ਹੋਵੇ। - (9)

## 2.

# ਅਸ਼ਰਨ ਭਾਵਨਾ

ਆਪਣੀ ਵਿਸ਼ਾਲ ਸ਼ਕਤੀ ਨਾਲ ਸਾਰੀ ਪ੍ਰਿਥਵੀ ਨੂੰ ਜਿੱਤਣ ਵਾਲਾ ਚੱਕਰਵਰਤੀ ਸਮਰਾਟ ਅਤੇ ਆਪਣੀ ਤਾਕਤ ਵਿੱਚ ਮਦ-ਮਸਤ, ਅਪੂਰਵ ਖੁਸ਼ੀ ਨਾਲ ਹਰ ਪਲ, ਹਰ ਸਮੇਂ ਅਨੰਦ ਵਿੱਚ ਰਹਿਣ ਵਾਲੇ ਦੇਵ ਦੇਵਿੰਦਰ ਵੀ, ਜਦ ਉਨ੍ਹਾਂ ਉੱਪਰ ਨਿਰਦਈ ਯਮਰਾਜ ਦਾ ਹਮਲਾ ਹੁੰਦਾ ਹੈ, ਯਮਰਾਜ ਆਪਣੇ ਤਿੱਖੇ ਦੰਦਾ ਨਾਲ ਉਨ੍ਹਾਂ ਨੂੰ ਚੀਰ ਦਿੰਦਾ ਹੈ, ਤਦ ਚੱਕਰਵਰਤੀ ਅਤੇ ਦੇਵ-ਦੇਵਿੰਦ੍ਰ ਦੀਨ-ਹੀਣ ਹੋ ਕੇ ਅਸ਼ਰਣ ਦਸ਼ਾ ਵਿੱਚ ਚਾਰੋਂ ਪਾਸੇ ਵੇਖਦੇ ਹਨ ਕਿ ਕਿਤੇ ਕੋਈ ਉਨ੍ਹਾਂ ਨੂੰ ਬਚਾ ਲਵੇ। ਪਰ ਉਨ੍ਹਾਂ ਨੂੰ ਕੋਈ ਨਹੀਂ ਬਚਾ ਸਕਦਾ। - (1)

ਹੇ ਮਨੁੱਖ - ਹੇ ਕਮਜ਼ੋਰ ਜੰਤੂ ਜਿਹੇ ਮਨੁੱਖ - ਜਦ ਤੱਕ ਤੂੰ ਮਸਤ ਹੈਂ, ਪਾਗਲ ਹੈਂ, ਅਤੇ ਗੁਣਾਂ ਦੇ ਹੰਕਾਰ ਵਿੱਚ ਫਸਿਆ ਹੋਇਆ ਹੈ, ਜਦ ਤੱਕ ਨਾ-ਜਿੱਤਣ ਵਾਲੇ ਯਮਰਾਜ ਦੀ ਨਿਗਾਹ ਤੇਰੇ 'ਤੇ ਨਹੀਂ ਪਈ ਹੈ, ਉਹ ਮਾੜੀ ਦ੍ਰਿਸ਼ਟੀ ਤੇਰੇ ਉੱਪਰ ਇੱਕ ਵਾਰ ਪੈ ਗਈ ਤਾਂ ਤੈਨੂੰ ਕੋਈ ਨਹੀਂ ਬਚਾ ਸਕਦਾ। - (2)

ਜਦ ਆਦਮੀ ਯਮਰਾਜ ਦੇ ਸ਼ਿਕੰਜੇ ਵਿੱਚ ਫਸ ਜਾਂਦਾ ਹੈ। ਮੌਤ ਦੇ ਫੰਦੇ ਵਿੱਚ ਫਸ ਜਾਂਦਾ ਹੈ ਤਾਂ ਉਸ ਦਾ ਪੁੰਨ-ਪ੍ਰਭਾਵ ਪਾਣੀ-ਪਾਣੀ ਹੋ ਜਾਂਦਾ ਹੈ, ਉਸ ਦਾ ਪ੍ਰਕਾਸ਼ ਫਿੱਕਾ ਪੈਣ ਲੱਗਦਾ ਹੈ। ਉਸ ਦਾ ਹੌਂਸਲਾ ਅਤੇ ਕੋਸ਼ਿਸ਼ ਬੇਕਾਰ ਹੋ ਜਾਂਦੇ ਹਨ। ਤਕੜਾ ਸਰੀਰ ਗਲਨ ਲੱਗਦਾ ਹੈ ਅਤੇ ਉਸ ਦੇ ਮਿੱਤਰ-ਰਿਸ਼ਤੇਦਾਰ ਉਸ ਦੀ ਸੰਪਤੀ ਹਥਿਆਉਣ ਲਈ ਦਾਅ-ਪੇਚ ਖੇਲ੍ਹਦੇ ਹਨ। ਮੌਤ ਦੇ ਸਾਹਮਣੇ ਮਨੁੱਖ ਦੀਨ-ਹੀਨ ਹੋ ਜਾਂਦਾ ਹੈ। ਇਹੋ ਮਨੁੱਖ ਦੀ ਘਸੁਰਲ ਸਥਿਤੀ ਹੈ। - 3